**ਭਾਰਤ ਨੇ ਈਰਾਨ ਤੋਂ ਭਾਰਤੀ ਨਾਗਰਿਕਾਂ ਨੂੰ ਬਾਹਰ ਕੱਢਣ ਲਈ ਆਪਰੇਸ਼ਨ ਸਿੰਧੂ ਲਾਂਚ ਕੀਤਾ (18ਜੂਨ , 2025)**

ਜੂਨ 18, 2025

ਈਰਾਨ ਅਤੇ ਇਜ਼ਰਾਈਲ ਦੇ ਵਿਚਕਾਰ ਚੱਲ ਰਹੇ ਟਕਰਾਅ ਦੇ ਨਤੀਜੇ ਵਜੋਂ ਵਿਗੜ ਰਹੀ ਸਥਿਤੀ ਦੇ ਮੱਦੇਨਜ਼ਰ, ਭਾਰਤ ਸਰਕਾਰ ਪਿਛਲੇ ਕਈ ਦਿਨਾਂ ਤੋਂ ਈਰਾਨ ਵਿੱਚ ਭਾਰਤੀ ਨਾਗਰਿਕਾਂ ਦੀ ਸਲਾਮਤੀ ਅਤੇ ਸੁਰੱਖਿਆ ਲਈ ਵੱਖ-ਵੱਖ ਕਦਮ ਚੁੱਕ ਰਹੀ ਹੈ।

2. ਇੱਕ ਪਹਿਲੇ ਕਦਮ ਦੇ ਰੂਪ ਵਿੱਚ, ਭਾਰਤੀ ਦੂਤਾਵਾਸ ਨੇ ਉੱਤਰੀ ਈਰਾਨ ਤੋਂ 110 ਭਾਰਤੀ ਵਿਦਿਆਰਥੀਆਂ ਨੂੰ ਬਾਹਰ ਕੱਢਿਆ ਹੈ, ਜਿਸ ਵਿੱਚ ਉਨ੍ਹਾਂ ਨੂੰ 17 ਜੂਨ 2025 ਨੂੰ ਸੁਰੱਖਿਅਤ ਤੌਰ ਤੇ ਅਰਮੀਨੀਆ ਵਿੱਚ ਪਹੁੰਚਣ ਵਿੱਚ ਸਹਾਇਤਾ ਕੀਤੀ ਗਈ। ਵਿਦਿਆਰਥੀਆਂ ਨੇ ਈਰਾਨ ਅਤੇ ਅਰਮੀਨੀਆ ਵਿੱਚ ਸਾਡੇ ਮਿਸ਼ਨਾਂ ਦੀ ਨਿਗਰਾਨੀ ਵਿੱਚ ਅਰਮੀਨੀਆ ਦੀ ਰਾਜਧਾਨੀ ਯੇਰੇਵਨ ਤੱਕ ਸੜਕ ਰਾਹੀਂ ਯਾਤਰਾ ਕੀਤੀ ਹੈ। ਇਹ ਵਿਦਿਆਰਥੀ 18 ਜੂਨ 2025 ਨੂੰ 1455 ਵਜੇ ਦੀ ਇੱਕ ਵਿਸ਼ੇਸ਼ ਫਲਾਈਟ 'ਤੇ ਯੇਰੇਵਨ ਤੋਂ ਰਵਾਨਾ ਹੋ ਗਏ ਅਤੇ ਆਪਰੇਸ਼ਨ ਸਿੰਧੂ ਦੇ ਸ਼ੁਰੂਆਤੀ ਪੜਾਵਾਂ ਦੇ ਹਿੱਸੇ ਦੇ ਰੂਪ ਵਿੱਚ 19 ਜੂਨ 2025 ਦੇ ਸਵੇਰ ਦੇ ਸਮੇਂ ਵਿੱਚ ਨਵੀਂ ਦਿੱਲੀ ਪਹੁੰਚਣਗੇ।

3. ਭਾਰਤ ਸਰਕਾਰ ਨਿਕਾਸੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਈਰਾਨ ਅਤੇ ਅਰਮੀਨੀਆ ਦੀਆਂ ਸਰਕਾਰਾਂ ਦੀ ਧੰਨਵਾਦੀ ਹੈ।

4. ਭਾਰਤ ਵਿਦੇਸ਼ਾਂ ਵਿੱਚ ਭਾਰਤੀ ਨਾਗਰਿਕਾਂ ਦੀ ਸਲਾਮਤੀ ਅਤੇ ਸੁਰੱਖਿਆ ਨੂੰ ਸਭ ਤੋਂ ਵੱਧ ਤਰਜੀਹ ਦਿੰਦਾ ਹੈ। ਚੱਲ ਰਹੇ ਓਪਰੇਸ਼ਨ ਦੇ ਹਿੱਸੇ ਵਜੋਂ, ਈਰਾਨ ਵਿੱਚ ਭਾਰਤੀ ਦੂਤਾਵਾਸ ਵੱਡੀ ਗਿਣਤੀ ਵਿੱਚ ਭਾਰਤੀ ਨਾਗਰਿਕਾਂ ਨੂੰ ਜਿਹੜੇ ਖੇਤਰਾਂ ਵਿੱਚ ਯੁੱਧ ਵੱਧਦਾ ਜਾ ਰਿਹਾ ਹੈ ਉੱਥੋਂ ਦੀ ਤੁਲਣਾ ਵਿੱਚ ਦੇਸ਼ ਦੇ ਅੰਦਰ ਹੀ ਵਧੇਰੇ ਸੁਰੱਖਿਅਤ ਥਾਵਾਂ 'ਤੇ ਪਹੁੰਚਣ ਵਿੱਚ ਸਹਾਇਤਾ ਕਰ ਰਿਹਾ ਹੈ ਅਤੇ ਬਾਅਦ ਵਿੱਚ ਉਪਲਬਧ ਅਤੇ ਸੰਭਵ ਵਿਕਲਪਾਂ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਬਾਹਰ ਕੱਢ ਰਿਹਾ ਹੈ।

5. ਈਰਾਨ ਵਿੱਚ ਭਾਰਤੀ ਨਾਗਰਿਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਐਮਰਜੈਂਸੀ ਹੈਲਪਲਾਈਨ ਰਾਹੀਂ ਤਹਿਰਾਨ ਵਿੱਚ ਭਾਰਤੀ ਦੂਤਾਵਾਸ ਨਾਲ ਅਤੇ ਨਵੀਂ ਦਿੱਲੀ ਵਿੱਚ ਵਿਦੇਸ਼ ਮੰਤਰਾਲੇ ਵੱਲੋਂ ਸਥਾਪਿਤ 24x7 ਕੰਟਰੋਲ ਰੂਮ ਦੇ ਨਾਲ ਸੰਪਰਕ ਵਿੱਚ ਰਹਿਣ।

6. ਤਹਿਰਾਨ ਵਿੱਚ ਭਾਰਤ ਦੇ ਦੂਤਾਵਾਸ ਦੇ ਐਮਰਜੈਂਸੀ ਹੈਲਪਲਾਈਨ ਨੰਬਰ:

i. ਸਿਰਫ ਕਾਲ ਲਈ: +98 9128109115, +98 9128109109

ii. WhatsApp ਲਈ: +98 901044557, +98 9015993320, +91 8086871709

iii. ਬੰਦਰ ਅੱਬਾਸ: +98 9177699036

iv. ਜ਼ਾਹੇਦਾਨ: +98 9396356649

v. ਈਮੇਲ- cons.tehran@mea.gov.in

ਨਵੀਂ ਦਿੱਲੀ ਵਿੱਚ ਵਿਦੇਸ਼ ਮੰਤਰਾਲੇ ਵੱਲੋਂ 24 X 7 ਕੰਟਰੋਲ ਰੂਮ ਦੇ ਹੈਲਪਲਾਈਨ ਨੰਬਰ ਸੈਟ ਕੀਤੇ ਗਏ ਹਨ:

800118797 (ਟੋਲ ਫ੍ਰੀ), + 91-11-23012113, + 91-11-23014104, + 91-11-23017905

ਵਟਸਐਪ: +91-9968291988;ਈ-ਮੇਲ- situationroom@mea.gov.in

ਨਵੀਂ ਦਿੱਲੀ

ਜੂਨ 18, 2025